# ਮੌਜੂਦਾ ਸਮੇਂ ਵਿੱਚ ਮਾਰਕਸ ਦੀ ਪ੍ਰਸੰਗਿਕਤਾ

**– ਸੁਖਵਿੰਦਰ ਸਿੰਘ ਸੇਖੋਂ**

ਕਾਰਲ ਮਾਰਕਸ ਦਾ ਜਨਮ ਦਿਨ 5 ਮਈ 1818 ਹੈ। 5 ਮਈ, 2025 ਨੂੰ ਉਨ੍ਹਾਂ ਦੀ 207ਵੀਂ ਜਨਮ ਵਰ੍ਹੇਗੰਢ ਵਿਸ਼ਵ ਭਰ ਵਿੱਚ ਮਨਾਈ ਜਾ ਰਹੀ ਹੈ। ਕਾਰਲ ਮਾਰਕਸ ਉਨਵੀਂ ਸਦੀ ਦਾ ਮਹਾਨ ਦਾਰਸ਼ਨਿਕ ਸੀ। ਬੀ.ਬੀ.ਸੀ. ਨਿਊਜ਼ ਔਨ ਲਾਈਨ ਚੋਣ ਵਿੱਚ ਹਜ਼ਾਰ ਸਾਲ ਦੇ ਮਹਾਨ ਚਿੰਤਕ ਦੀ ਚੋਣ ਵਿੱਚ ਕਾਰਲ ਮਾਰਕਸ ਹੀ ਪਹਿਲੇ ਨੰਬਰ 'ਤੇ ਚੁਣੇ ਗਏ ਸਨ। ਕਾਰਲ ਮਾਰਕਸ ਨੇ ਉਨੀਵੀਂ ਸਦੀ ਵਿੱਚ 'ਦਾਸ ਕੈਪੀਟਲ' ਨਾਂ ਦੀ ਕਿਤਾਬ ਲਿਖੀ, ਇਸ ਵਿੱਚ ਪੂੰਜੀਵਾਦ ਦਾ ਵਿਆਪਕ ਅਧਿਐਨ ਜੋ ਕੀਤਾ ਗਿਆ, ਉਹ ਅੱਜ ਵੀ ਪ੍ਰਸੰਗਿਕ ਹੈ।

ਅਰਥਵਿਵਸਥਾ ਵਿੱਚ ਜੋ ਮੰਦੀ ਵਾਰ-ਵਾਰ ਆਉਂਦੀ ਹੈ, ਉਸ ਬਾਰੇ ਮਾਰਕਸ ਨੇ ਲਿਖਿਆ ਸੀ ਇਸ ਦਾ ਕਾਰਨ ਪੂੰਜੀਵਾਦ ਵਿੱਚ ਹੈ। 'ਪੂੰਜੀ' ਜਿਲਦ-1 ਮਾਰਕਸ ਦੇ ਜੀਵਨ ਕਾਲ ਵਿੱਚ ਪ੍ਰਕਾਸ਼ਿਤ ਹੋਈ ਸੀ, 'ਪੂੰਜੀ' ਨਾਂ ਦੀ ਕਿਤਾਬ ਦੀਆਂ ਦੋ ਜਿਲਦਾਂ ਏਂਗਲਜ਼ ਦੁਆਰਾ ਬਾਅਦ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ ਸਨ। ਪੂੰਜੀਵਾਦੀ ਪ੍ਰਣਾਲੀ ਦੀ ਕਾਰਜਵਿਧੀ ਦਾ ਵਰਨਣ ਕਰਨਾ ਮਾਰਕਸ ਦੇ ਸਿਧਾਂਤਕ ਕੰਮ ਦੀ ਸਿਖਰ ਸੀ। ਮਾਰਕਸ ਨੇ ਪੂੰਜੀਵਾਦ ਦੇ ਉਤਪਾਦਨ ਦੇ ਢੰਗ ਵਿੱਚ ਕਿਰਤ ਤੋਂ ਵਾਧੂ ਮੁੱਲ ਕੱਢ ਕੇ ਉਤਪਾਦਨ ਦੇ ਸਾਧਨਾਂ ਦੇ ਮਾਲਕਾਂ ਦੇ ਹੱਥਾਂ ਵਿੱਚ ਪੂੰਜੀ ਅਤੇ ਦੌਲਤ ਦਾ ਇਕੱਠਾ ਹੋਣ, ਵੱਧ ਰਹੀ ਅਸਮਾਨਤਾ, ਖਰੀਦ ਸ਼ਕਤੀ ਦਾ ਘਟਨਾ, ਵੱਧ ਉਤਪਾਦਨ ਦੇ ਸੰਕਟ ਰਾਹੀਂ ਪੂੰਜੀਵਾਦੀ ਪ੍ਰਣਾਲੀ ਅਧੀਨ ਆਉਣ ਵਾਲੇ ਮੰਦੀ ਸੰਕਟਾਂ ਨੂੰ ਉਜਾਗਰ ਕੀਤਾ ਹੈ। 1929-30 ਵਿੱਚ ਆਈ ਭਿਆਨਕ ਮੰਦੀ, ਉਸ ਉਪਰੰਤ 1975, 1982, 1991 ਵਿੱਚ ਹੋਰ ਅਨੇਕਾਂ ਆਈਆਂ ਮੰਦੀਆਂ ਅਤੇ 2007-2008 ਵਿੱਚ ਵਿਸ਼ਵ ਵਿਆਪੀ ਵਿੱਤੀ ਸੰਕਟ ਜੋ ਆਇਆ ਸੀ, ਜਿਸ ਨੇ ਸੰਸਾਰ ਭਰ ਵਿੱਚ ਪੂੰਜੀਵਾਦੀ ਪ੍ਰਣਾਲੀ ਨੂੰ ਹੀ ਲਪੇਟ ਲਿਆ ਸੀ, ਕਾਰਲ ਮਾਰਕਸ ਦੇ ਸਿਧਾਂਤ ਦੀ ਪੁਸ਼ਟੀ ਕਰਦੀਆਂ ਹਨ। 2007-2008 ਦੀ ਮੰਦੀ ਤੋਂ ਡੇਡ ਦਹਾਕਾ ਬੀਤ ਜਾਣ ਤੋਂ ਬਾਅਦ ਵੀ ਵਿਸ਼ਵ ਪੂੰਜੀਵਾਦੀ ਆਰਥਿਕਤਾ ਇਸ ਸੰਕਟ ਵਿਚੋਂ ਪੂਰੀ ਤਰ੍ਹਾਂ ਅਜੇ ਉਭਰ ਨਹੀਂ ਸਕੀ ਹੈ।

ਸਾਲ 2007-2008 ਦੇ ਸੰਕਟ ਨੇ ਸਰਮਾਏਦਾਰੀ ਚਿੰਤਕਾਂ ਅਤੇ ਅਰਥਸ਼ਾਸਤਰੀਆਂ ਦੇ ਸਾਹਮਣੇ ਮਾਰਕਸ ਦੇ ਸਿਧਾਂਤ ਦੀ ਸਾਰਥਿਕਤਾ ਮੌਜੂਦ ਸਮੇਂ ਵਿੱਚ ਵੀ ਸਹੀ ਸਾਬਤ ਹੁੰਦੀ ਦਿਖਾਈ ਦੇਣ ਲੱਗ ਪਈ ਹੈ। ਅਮਰੀਕਾ ਦੇ ਇੱਕ ਉੱਘੇ ਅਰਥਸ਼ਾਸਤਰੀ ਨੂਰੀਅਲ ਰੂਬੀਨੀ, ਜੋ ਕਿ ਮਾਰਕਸਵਾਦੀ ਨਹੀਂ ਹਨ, ਨੇ ਉਸ ਸਮੇਂ ਕਿਹਾ ਸੀ, "ਕਾਰਲ ਮਾਰਕਸ ਨੇ ਇਹ ਸਹੀ ਸਮਝਿਆ, ਕਿਸੇ ਸਮੇਂ ਪੂੰਜੀਵਾਦ ਆਪਣੇ ਆਪ ਨੂੰ ਤਬਾਹ ਕਰ ਸਕਦਾ ਹੈ"।

1848 ਵਿੱਚ ਮਾਰਕਸ ਅਤੇ ਏਂਗਲਜ਼ ਦੁਆਰਾ ਲਿਖੇ ਗਏ 'ਕਮਿਊਨਿਸਟ ਮੈਨੀਫੈਸਟੋ' ਵਿੱਚ ਪੂੰਜੀਵਾਦ ਦੇ ਵਿਸ਼ਵੀਕਰਨ ਦੀ ਪ੍ਰਕਿਰਿਆ ਦਾ ਵਰਨਣ ਕੀਤਾ ਗਿਆ ਸੀ। ਮਾਰਕਸ ਨੇ ਲਿਖਿਆ ਸੀ ਕਿ "ਸਰਮਾਏਦਾਰੀ ਆਪਣੇ ਉਤਪਾਦਾਂ ਦੀ ਵਿਕਰੀ ਲਈ ਮੰਡੀ ਦੇ ਲਗਾਤਾਰ ਵਿਸਤਾਰ ਦੀ ਲੋੜ ਲਈ ਸੰਸਾਰ ਦੀ ਸਾਰੀ ਸੱਤ੍ਹਾ ਤੱਕ ਪਹੁੰਚ ਕਰਦੀ ਹੈ, ਹਰ ਥਾਂ ਜਾਂਦੀ ਹੈ, ਟਿਕਾਣੇ ਬਣਾਉਂਦੀ ਹੈ, ਸਥਾਪਤ ਹੁੰਦੀ ਹੈ"।

ਅਜ਼ਾਰੇਦਾਰ ਪੂੰਜੀਵਾਦੀ ਪੜਾਅ ਅਤੇ ਅੱਜ ਦੇ ਵਿਸ਼ਵੀਕਰਨ ਦੀ ਵਿੱਤੀ ਪੂੰਜੀ ਵਿੱਚ ਪੂੰਜੀਵਾਦ ਦੇ ਹੋਰ ਵਿਕਾਸ ਨੂੰ ਮਾਰਕਸ ਦੁਆਰਾ ਅਪਣਾਏ ਗਏ ਵਿਗਿਆਨਕ ਢੰਗਾਂ ਦੀ ਵਰਤੋਂ ਰਾਹੀਂ ਸਮਝਿਆ ਜਾ ਸਕਦਾ ਹੈ। ਲੈਨਿਨ ਨੇ ਅਜਾਰੇਦਾਰ ਪੂੰਜੀਵਾਦ ਦੇ ਇਸ ਯੁੱਗ ਨੂੰ 20ਵੀਂ ਸਦੀ ਦੇ ਆਰੰਭ ਵਿੱਚ ਹੀ ਸਾਮਰਾਜਵਾਦ ਦੇ ਯੁੱਗ ਦਾ ਨਾਮ ਵੀ ਦਿੱਤਾ ਸੀ।

ਮਾਰਕਸ ਦੇ ਸਮੇਂ ਤੋਂ ਪੂੰਜੀਵਾਦ ਨੇ ਜੋ ਵਿਕਾਸ ਕੀਤਾ ਹੈ, ਉਹ ਮਾਰਕਸ ਦੁਆਰਾ ਦਰਸਾਏ 'ਪੂੰਜੀਵਾਦ ਦੀ ਗਤੀਸ਼ੀਲਤਾ' ਦੇ ਸਿਧਾਂਤ ਨੂੰ ਗਲਤ ਸਾਬਤ ਨਹੀਂ ਕਰ ਸਕਿਆ। ਵਰਤਮਾਨ ਸਮੇਂ ਵਿੱਚ ਜੋ ਪ੍ਰਮੁੱਖ ਮੁੱਦੇ ਬਹੁਤ ਹਾਵੀ ਹਨ, ਜਿਵੇਂ ਵਿਸ਼ਵੀਕਰਣ ਦੇ ਮਾੜੇ ਪ੍ਰਭਾਵ, ਅਸਮਾਨਤਾ ਵਿੱਚ ਬੇਮਿਸਾਲ ਵਾਧਾ, ਵਾਤਾਵਰਣ ਦਾ ਸੰਕਟ, ਇਨ੍ਹਾਂ ਸਭ ਬਾਰੇ ਮਾਰਕਸ ਨੇ ਭਵਿੱਖਬਾਣੀ ਕੀਤੀ ਹੋਈ ਸੀ। ਇਨ੍ਹਾਂ ਪਿੱਛੇ ਕਾਰਨ ਉਹੀ ਹਨ ਜੋ ਮਾਰਕਸ ਨੇ ਕਹੇ ਸਨ।

ਇਤਹਾਸ ਦੀ ਹਰ ਵੱਡੀ ਧਾਰਾ, ਫਾਸ਼ੀਵਾਦ ਦੇ ਉਭਾਰ, ਬਸਤੀਆਂ ਦੇ ਕੌਮੀ ਮੁਕਤੀ ਸੰਘਰਸ਼, ਸਮਾਜਵਾਦ ਦੀ ਸਥਾਪਨਾ ਨੂੰ ਮਾਰਕਸ ਦੁਆਰਾ ਸਮਾਜ ਦੇ ਇਤਿਹਾਸਕ ਵਿਕਾਸ ਦੇ ਸਿਧਾਂਤ ਰਾਹੀਂ ਸਮਝਿਆ ਜਾ ਸਕਦਾ ਹੈ।

'ਪੂੰਜੀ' ਤੋਂ ਇਲਾਵਾ ਕਾਰਲ ਮਾਰਕਸ ਦਾ ਇੱਕ ਹੋਰ ਵੱਡਾ ਯੋਗਦਾਨ 'ਇਤਿਹਾਸਕ ਪਦਾਰਥਵਾਦ' ਸੀ। ਮਾਰਕਸ ਦਾ ਫਲਸਫਾ ਜਿਸ ਨੂੰ 'ਵਿਰੋਧ ਵਿਕਾਸੀ ਅਤੇ ਇਤਹਾਸਕ ਪਦਾਰਥਵਾਦ' ਆਖਦੇ ਹਨ। ਇਹ ਸਾਨੂੰ ਕੁੱਦਰਤ ਅਤੇ ਸਮਾਜ ਵਿੱਚ ਤਬਦੀਲੀ ਦੇ ਨਿਯਮਾਂ ਦਾ ਗਿਆਨ ਦਿੰਦਾ ਹੈ। ਇਸ ਸਿਧਾਂਤ ਰਾਹੀਂ ਮਾਰਕਸ ਇਸ ਗੱਲ ਦੀ ਵਿਗਿਆਨਕ ਸਮਝ 'ਤ ਪਹੁੰਚਿਆ ਕਿ ਮਨੁੱਖੀ ਇਤਹਾਸ ਕਿਵੇਂ ਵਿਕਸਤ ਹੁੰਦਾ ਹੈ। ਮਾਰਕਸ ਨੇ ਵਿਆਖਿਆ ਕੀਤੀ ਕਿ ਕਿਵੇਂ ਸਮਾਜ ਵਿੱਚ ਪੈਦਾਵਾਰ ਦਾ ਢੰਗ ਇੱਕ ਨਵੇਂ ਢੰਗ ਵਿੱਚ ਬਦਲਦਾ ਹੈ ਜੋ ਪੁਰਾਣੇ ਤੋਂ ਨਵੇਂ ਸਮਾਜ ਵਿੱਚ ਤਬਦੀਲੀ ਵੱਲ ਲੈ ਕੇ ਜਾਂਦਾ ਹੈ। ਸਮਾਜ ਦੇ ਜਮਾਤਾਂ ਵਿੱਚ ਵੰਡੇ ਜਾਣ ਤੋਂ ਬਾਅਦ ਇਹ ਜਮਾਤੀ ਸੰਘਰਸ਼ ਹੀ ਹੈ, ਜਿਸ ਨੇ ਸਮਾਜ ਦੀ ਤਬਦੀਲੀ ਨੂੰ ਅੱਗੇ ਵਧਾਇਆ ਹੈ। ਕਮਿਊਨਿਸਟ ਮੈਨੀਫੈਸਟੋ ਵਿੱਚ ਕਿਹਾ ਗਿਆ ਹੈ ਕਿ "ਹੁਣ ਤੱਕ ਦੇ ਸਾਰੇ ਮੌਜੂਦਾ ਸਮਾਜ ਦਾ ਇਤਹਾਸ ਜਮਾਤੀ ਸੰਘਰਸ਼ਾਂ ਦਾ ਇਤਹਾਸ ਹੈ"।

ਮਾਰਕਸ ਕੇਵਲ ਅਰਥ ਸਾਸਤਰੀ ਜਾਂ ਰਾਜਨੀਤਕ ਚਿੰਤਕ ਹੀ ਨਹੀਂ ਸੀ, ਉਸ ਨੇ ਇੱਕ ਅਜਿਹਾ ਇਨਕਲਾਬੀ ਫਲਸਫਾ ਪੇਸ਼ ਕੀਤਾ, ਜਿਸ ਦਾ ਘੇਰਾ ਸਿਰਫ ਰਾਜਨੀਤੀ ਤੱਕ ਹੀ ਨਹੀਂ ਬਲਕਿ ਸਮੁੱਚੇ ਮਨੁੱਖੀ ਇਤਹਾਸ, ਅਰਥਸ਼ਾਸਤਰ, ਸਮਾਜ ਅਤੇ ਕੁੱਦਰਤ ਨੂੰ ਆਪਣੇ ਘੇਰੇ ਵਿੱਚ ਲੈਂਦਾ ਸੀ। ਇਹ ਫਲਸਫਾ 'ਵਿਰੋਧ ਵਿਕਾਸੀ ਅਤੇ ਇਤਿਹਾਸਕ ਪਦਾਰਥਵਾਦ' ਦੇ ਇੱਕ ਸਿਧਾਂਤਕ ਅਤੇ ਅਮਲੀ ਤੌਰ 'ਤੇ ਸ਼ਕਤੀਸ਼ਾਲੀ ਸੁਮੇਲ ਨਾਲ ਬਣਿਆ ਹੈ ਜੋ ਇਨਕਲਾਬੀ ਤਬਦੀਲੀ ਲਿਆ ਸਕਦਾ ਹੈ ਜਿਵੇਂ ਕਿ ਮਾਰਕਸ ਨੇ ਆਪਣੇ ਸਿਧਾਂਤ ਦੀ ਵਿਆਖਿਆ ਕਰਦੇ ਹੋਏ ਆਪ ਕਿਹਾ ਹੈ ਕਿ "ਦਾਰਸ਼ਨਿਕਾਂ ਨੇ ਸੰਸਾਰ ਦੀ ਸਿਰਫ ਵੱਖ ਵੱਖ ਤਰ੍ਹਾਂ ਨਾਲ ਵਿਆਖਿਆ ਕੀਤੀ ਹੈ, ਹਾਲਾਂ ਕਿ ਅਸਲ ਮੁੱਖ ਨੁਕਤਾ ਇਸ ਨੂੰ ਬਦਲਣ ਦਾ ਹੈ"।

ਇਹ ਮਾਰਕਸ ਅਤੇ ਏਂਗਲਜ਼ ਹੀ ਸਨ ਜਿਨ੍ਹਾਂ ਨੇ ਕਿਹਾ ਸੀ ਕਿ "ਕੋਈ ਵੀ ਕੌਮ ਆਜ਼ਾਦ ਨਹੀਂ ਹੋ ਸਕਦੀ ਜੇ ਉਹ ਦੂੱਜੀਆਂ ਕੌਮਾਂ ਉੱਪਰ ਜ਼ੁਲਮ ਕਰਦੀ ਹੈ"। ਵੀਹਵੀਂ ਸਦੀ ਵਿੱਚ ਇਸ ਲਿਖਤ ਨੇ ਬਸਤੀਵਾਦ ਅਤੇ ਸਾਮਰਾਜਵਾਦ ਵਿਰੁੱਧ ਲੜਨ ਦਾ ਸਿਧਾਂਤ ਪ੍ਰਦਾਨ ਕੀਤਾ। ਹਾਲਾਂ ਕਿ ਕਾਰਲ ਮਾਰਕਸ ਕੋਲ ਭਾਰਤ ਬਾਰੇ ਸੀਮਤ ਜਾਣਕਾਰੀ ਸੀ, ਤਾਂ ਵੀ ਉਸ ਨੇ ਭਾਰਤ ਬਾਰੇ ਇੱਕ ਲੇਖਾਂ ਦੀ ਲੜੀ ਲਿਖੀ ਅਤੇ ਭਵਿੱਖਬਾਣੀ ਕੀਤੀ ਕਿ ਭਾਰਤੀ, ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਬਗਾਵਤ ਵਿੱਚ ਉਠਣਗੇ ਅਤੇ ਉਠੇ ਵੀ।

ਸੋਵੀਅਤ ਯੂਨੀਅਨ ਦੇ ਪਤਨ ਤੋਂ ਬਾਅਦ, ਸਰਮਾਏਦਾਰੀ ਵਿਚਾਰਧਾਰਕਾਂ ਨੇ ਮਾਰਕਸਵਾਦ ਨੂੰ ਮਰ ਚੁੱਕਾ ਘੋਸ਼ਿਤ ਕਰ ਦਿੱਤਾ ਸੀ। ਉਨ੍ਹਾਂ ਨੇ 'ਇੱਕ ਇਤਿਹਾਸ ਦਾ ਅੰਤ' ਵੀ ਐਲਾਨ ਦਿੱਤਾ ਸੀ, ਪਰ ਲੱਗ ਪੱਗ 30 ਸਾਲ ਬਾਅਦ ਸਰਮਾਏਦਾਰੀ ਜਿੱਤ ਦਾ ਜਸ਼ਨ ਪੂਰੀ ਤਰ੍ਹਾਂ ਅਲੋਪ ਹੋ ਗਿਆ ਹੈ। ਮਾਰਕਸਵਾਦ ਦਾ ਅੰਤ ਨਾ ਉਸ ਵੇਲੇ ਹੋਇਆ ਸੀ, ਅਤੇ ਨਾ ਹੀ ਹੋਵੇਗਾ। ਕਾਰਲ ਮਾਰਕਸ ਨੇ ਮਜ਼ਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਨੂੰ ਉਹ ਵਿਗਿਆਨਕ ਸਿਧਾਂਤ ਦਿੱਤਾ ਹੈ ਜੋ ਪੂੰਜੀਵਾਦ ਸ਼ੋਸ਼ਣ ਅਤੇ ਸਮਾਜਿਕ ਦਾਬੇ ਤੋਂ ਮੁਕਤ ਹੋ ਕੇ ਸਮਾਜਵਾਦੀ ਸਮਾਜ ਦੀ ਉਸਾਰੀ ਕਰਨ ਦਾ ਮਾਰਗ ਦਰਸ਼ਕ ਹੈ। ਇਸ ਸਿਧਾਂਤ ਨੂੰ ਅਮਲ 'ਚ ਲਾਗੂ ਕਰਕੇ ਰੂਸ, ਚੀਨ, ਵੀਅਤਨਾਮ, ਕਿਊਬਾ 'ਚ ਆਈਆਂ ਇਨਕਲਾਬੀ ਤਬਦੀਲੀਆਂ ਮੂੰਹ ਬੋਲਦੀਆਂ ਉਦਾਹਰਨਾਂ ਹਨ।

21ਵੀਂ ਸਦੀ ਵਿੱਚ ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਦੇ ਲੋਕ ਮਾਰਕਸ ਦੇ ਸਿਧਾਂਤ ਨੂੰ ਲੈ ਕੇ ਸਮਾਜਵਾਦ ਦੀ ਤਿਆਰੀ ਦੇ ਕੰਮਾਂ 'ਚ ਜੁੱਟੇ ਹੋਏ ਹਨ। ਇਸ ਸੇਧ ਨਾਲ ਹੀ ਕਾਰਲ ਮਾਰਕਸ ਦੀ 205ਵੀਂ ਜਨਮ ਵਰ੍ਹੇਗੰਢ ਨੂੰ ਮਨਾਉਣਾ ਚਾਹੀਦਾ ਹੈ।

**ਮੋਬਾਇਲ : 94170-44516**